**FINAL PAPER (04 March 2015)**

**Class - X**

**Paper - PUNJABI**

**Time: 3 hrs.** **M.M: 90**

## ਭਾਗ–ੳ (ਗਿਆਨ ਤੇ ਵਿਚਾਰ)

1. ਹੇਠਾਂ ਦਿੱਤੇ ਅਣਡਿੱਠੇ ਪੈਰ੍ਹਿਆਂ ਨੂੰ ਧਿਆਨ ਨਾਲ ਪੜ੍ਹ ਕੇ, ਹੇਠ ਦਿੱਤੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ: (2×5=10)

(1) ਮਿਸਰੀ, ਜੋ ਗੰਨੇ ਦੇ ਰਸ ਤੋਂ ਬਣੇ ਗੁੜ ਨੂੰ ਉਬਾਲ ਕੇ ਤੇ ਉਸ ਵਿਚੋਂ ਭੂਰੇ ਰੰਗ ਦਾ ਗੁਣਕਾਰੀ ਸਤ ਕੱਢ ਕੇ ਬਣਾਈ ਜਾਂਦੀ ਹੈ, ਅਤੇ ਜੋ ਚਿੱਟੇ ਸਫ਼ੈਦ ਰੰਗ ਦੇ ਚੋਕੋਰ ਦਾਣਿਆ ਦੇ ਰੂਪ ਵਿਚ, ਅਨੇਕ ਪ੍ਰਕਾਰ ਦੇ ਭੋਜਨਾਂ ਤੇ ਖਾਣਿਆਂ ਵਿਚ ਵਰਤੀ ਜਾਂਦੀ ਹੈ, ਪਹਿਲੇ ਪਹਿਲ ਅਰਬ ਦੇਸ ਦੇ ਵਿਉਪਾਰੀ ਹੀ ਸਾਡੇ ਦੇਸ ਭਾਰਤ ਵਰਸ਼ ਵਿਚ ਲਿਆਏ ਸਨ, ਮਿਸਰ ਦੇਸ ਵਿਚੋਂ, ਕਿਉਂਕਿ ਮਿਸਰੀ ਬਣਾਉਣ ਦਾ ਢੰਗ, ਮਿਸਰ ਦੇਸ ਦੇ ਪ੍ਰਾਚੀਨ ਵਾਸੀਆਂ ਦੀ ਹੀ ਕਾਢ ਸੀ। ਇਸੇ ਕਾਰਨ ਅਰਬੀ ਵਿਉਪਾਰੀ ਇਸ ਨੂੰ ਮਿਸਰੀ, ਜਿਸ ਦੇ ਅਰਥ ਹਨ ਮਿਸਰ ਦੇਸ ਦੀ ਕਾਢ ਤੇ ਉੱਥੋਂ ਦੀ ਬਣੀ ਹੋਈ, ਕਹਿੰਦੇ ਸਨ, ਤੇ ਹੁਣ ਤੱਕ ਸਾਡੇ ਦੇਸ ਤੇ ਸਾਡੀ ਬੋਲੀ ਵਿਚ ਵੀ ਇਸ ਦਾ ਨਾਮ 'ਮਿਸਰੀ' ਪ੍ਰਸਿਧ ਹੈ। ਇਸੇ ਪ੍ਰਕਾਰ 'ਚੀਨੀ' ਜੋ ਕਿ ਸਾਡੀ ਬੋਲੀ ਵਿਚ ਖੰਡ ਦਾ ਹੀ ਦੂਜਾ ਨਾਮ ਹੈ, ਕੋਈ ਪੰਦਰਾਂ ਸੌ ਸਾਲ ਹੋਏ, ਪਹਿਲੋਂ ਪਹਿਲ, ਅਰਬੀ ਵਿਉਪਾਰੀ ਚੀਨ ਦੇਸ ਵਿਚੋਂ, ਸਾਡੇ ਦੇਸ ਵਿਚ ਲਿਆਏ ਸਨ। 'ਚੀਨੀ' ਦਾ ਅਰਥ ਹੈ ਚੀਨ ਦੇਸ ਦੀ ਕਾਢ ਤੇ ਓਥੋਂ ਦੀ ਬਣੀ ਹੋਈ। ਪੰਜਾਬੀ ਬੋਲੀ ਵਿਚ ਚੀਨੀ ਨੂੰ 'ਖੰਡ' ਕਹਿੰਦੇ ਹਨ। ਗੁੜ ਵਿਚੋਂ ਜਦੋਂ ਉਹ ਅਤੀ ਲਾਭਕਾਰੀ ਤੇ ਸ਼ੌਤਿਆ-ਦਾਇਕ ਅੰਸ਼ ਜੋ ਲੂਣ ਦੀ ਕਿਸਮਾਂ ਦੇ ਹੁੰਦੇ ਹਨ ਅਤੇ ਜੋ ਗੁੜ ਨੂੰ ਢੇਲੀਆਂ ਵਿਚ ਜੋੜੀ ਰੱਖਦੇ ਹਨ, ਕੱਢ ਲਏ ਜਾਣ ਤਾਂ ਗੁੜ ਖੰਡਤ ਹੋ ਜਾਂਦਾ ਹੈ, ਤਥਾ ਖਿੰਡ ਜਾਂਦਾ ਹੈ ਤੇ ਖੰਡ ਦਾ ਰੂਪ ਧਾਰਨ ਕਰ ਲੈਂਦਾ ਹੈ।

[1] ਮਿਸਰੀ ਬਣਾਉਣ ਦਾ ਢੰਗ ਕਿਹੜੇ ਦੇਸ ਦੀ ਕਾਢ ਹੈ?

(ੳ) ਮਿਸਰ (ਅ) ਚੀਨ

(ੲ) ਪੁਰਤਗਾਲ (ਸ) ਭਾਰਤ

[2] ਮਿਸਰੀ ਅਤੇ ਚੀਨੀ ਭਾਰਤ ਵਿਚ ਕਿਸ ਤਰ੍ਹਾਂ ਆਈ?

(ੳ) ਮਿਸਰ ਦੇ ਲੋਕਾਂ ਰਾਹੀਂ (ਅ) ਚੀਨੀਆਂ ਰਾਹੀਂ

(ੲ) ਅਰਬੀ ਵਪਾਰੀਆਂ ਰਾਹੀਂ (ਸ) ਪਹਿਲਾਂ ਤੋਂ ਹੀ ਇੱਥੇ ਸੀ

[3] ਚੀਨੀ ਕਿਸ ਦੇਸ ਦੀ ਕਾਢ ਹੈ?

(ੳ) ਅਰਬ (ਅ) ਮਿਸਰ

(ੲ) ਭਾਰਤ (ਸ) ਚੀਨ

[4] ਪੰਜਾਬੀ ਬੋਲੀ ਵਿਚ ਚੀਨੀ ਨੂੰ ਕੀ ਕਿਹਾ ਜਾਂਦਾ ਹੈ?

(ੳ) ਗੁੜ (ਅ) ਮਿਸਰ

(ੲ) ਖੰਡ (ਸ) ਚੀਨ

[5] 'ਖੰਡਤ ਹੋਣਾ' ਦਾ ਅਰਥ ਦੱਸੋ।

(ੳ) ਇਕਮਿਕ ਹੋਣਾ (ਅ) ਚੌਰਸ ਹੋਣਾ

(ੲ) ਵਧੀਆ ਹੋਣਾ (ਸ) ਵੱਖ ਹੋਣਾ

(2) ਸ਼ਰਾਬ ਦੇ ਅਰਥ ਵਿਦਵਾਨਾਂ ਨੇ ਸ਼ਰਾਰਤ ਭਰਿਆ ਪਾਣੀ ਕੀਤੇ ਹਨ। ਇਹ ਸ਼ਰਾਰਤ ਐਸੀ ਹੁੰਦੀ ਹੈ ਕਿ ਸ਼ਰਾਰਤ ਦੇ ਪਿਆਲੇ ਵਿਚ ਰਾਜ ਭਾਗ ਰੁੜ੍ਹ ਜਾਂਦੇ ਹਨ। ਇਸ ਨਾਲ ਰਾਜਿਆਂ ਦੇ ਰਾਜ ਭਾਗ ਤਾਂ ਤਬਾਹ ਹੁੰਦੇ ਹੀ ਹਨ, ਸਧਾਰਨ ਘਰਾਂ ਦੀ ਸੁਖ-ਸ਼ਾਂਤੀ ਵੀ ਕਾਫ਼ੂਰ ਹੋ ਜਾਂਦੀ ਹੈ। ਜਦੋਂ ਨਸ਼ੇ ਵਿਚ ਗੁੱਟ ਲੜਖੜਾਉਂਦਾ ਸ਼ਰਾਬੀ ਘਰ ਆਏਗਾ ਤਾਂ ਬੀਵੀ ਬੱਚਿਆਂ ਨੂੰ ਸਲੋਕ ਹੀ ਸੁਣਾਏਗਾ ਜਾਂ ਬੇ-ਮਾਰਦਾ ਪੈ ਜਾਏਗਾ, ਬੇਸੁਰਤ ਹੋਇਆ। ਧਨ ਦੀ ਹਾਨੀ ਉਹ ਕਰਕੇ ਆਏਗਾ, ਜਿਸ ਨਾਲ ਘਰ ਦਾ ਆਰਥਕ ਸੰਤੁਲਨ ਵਿਗੜ ਜਾਏਗਾ। ਉਸ ਨੂੰ ਖ਼ੁਦ ਵੀ ਸ਼ਰਾਬ ਪੀ ਜਾਏਗੀ। ਉਸ ਦੀ ਸਿਹਤ ਖ਼ਰਾਬ ਹੋ ਜਾਏਗੀ। ਜਿਹੜਾ ਪੈਸਾ ਪਰਿਵਾਰ ਦੀ ਖਾਧ-ਖ਼ੁਰਾਕ ਅਤੇ ਬਿਹਤਰੀ ਉੱਤੇ ਖ਼ਰਚ ਹੋਣਾ ਹੈ, ਉਹ ਪੈਸਾ ਸ਼ਰਾਬ ਉੱਤੇ ਉਜਾੜਨ ਨਾਲ ਪਰਿਵਾਰ ਨੂੰ ਚੰਗੀ ਖ਼ੁਰਾਕ ਨਹੀਂ ਮਿਲ ਸਕੇਗੀ। ਜਿਸ ਕਰਕੇ ਉਨ੍ਹਾਂ ਦੇ ਸਰੀਰ, ਬੁੱਧੀ ਅਤੇ ਮਨ ਵੀ ਕਮਜ਼ੋਰ ਹੋਣਗੇ। ਆਂਢੀਆਂ-ਗੁਆਂਢੀਆਂ ਦੀ ਜ਼ਬਾਨਾਂ ਅਤੇ ਨਜ਼ਰਾਂ ਤੋਂ ਸ਼ਰਾਬੀ ਦੀ ਬੀਵੀ ਬੱਚੇ ਅਖਵਾਉਣ ਤੋਂ ਉਹ ਬਚ ਨਹੀਂ ਸਕਣਗੇ। ਹਾਂ, ਸ਼ਰਾਬੀ ਪਰਿਵਾਰ ਭਾਵੇਂ ਓਨੀ ਭੈੜੀ ਨਿਗਾਹ ਨਾਲ ਇਕ ਦੂਜੇ ਨੂੰ ਨਾ ਦੇਖਣ। ਸ਼ਰਾਬ ਮਨੁੱਖ ਦੀ ਬਰਬਾਦੀ ਕਰਦੀ ਹੈ। ਮਨੁੱਖ ਨੂੰ ਇਸ ਬਰਬਾਦੀ ਤੋਂ ਬਚਾਉਣ ਲਈ, ਧਰਮ ਦੇ ਰਸਤੇ ਚੱਲਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਹਰ ਧਰਮ ਨੇ ਇਸ ਨੂੰ ਪੀਣ ਦੀ ਨਿਖੇਧੀ ਕੀਤੀ ਹੈ।

1. ਕਿਸ ਨੂੰ ਸ਼ਰਾਰਤ ਭਰਿਆ ਪਾਣੀ ਕਿਹਾ ਗਿਆ ਹੈ ?

   (ੳ) ਸ਼ਰਬਤ (ਅ) ਮਿੱਠੇ ਪਾਣੀ

   (ੲ) ਸ਼ਰਾਬ (ਸ) ਕੌੜੇ ਪਾਣੀ

2. ਉਪਰੋਕਤ ਪੈਰੇ ਵਿਚ ਕਿਸ ਆਦਮੀ ਬਾਰੇ ਜ਼ਿਕਰ ਕੀਤਾ ਗਿਆ ਹੈ ?

   (ੳ) ਬਿਮਾਰ ਬਾਰੇ (ਅ) ਬੁੱਢੇ ਬਾਰੇ

   (ੲ) ਕਵੀ ਬਾਰੇ (ਸ) ਸ਼ਰਾਬੀ ਬਾਰੇ

3. ਕਿਸ ਦੇ ਬਗੈਰ ਸਰੀਰ, ਬੁੱਧੀ ਤੇ ਮਨ ਕਮਜ਼ੋਰ ਹੋ ਜਾਂਦੇ ਹਨ ?

   (ੳ) ਮਾਸ-ਮੱਛੀ (ਅ) ਚੰਗੀ ਖ਼ੁਰਾਕ

   (ੲ) ਦਵਾਈਆਂ (ਸ) ਦੁੱਧ-ਦਹੀਂ

4. ਕਿਹੜਾ ਰਾਹ ਸ਼ਰਾਬ ਦੀ ਨਿਖੇਧੀ ਦੀ ਸਿੱਖਿਆ ਦਿੰਦਾ ਹੈ ?

   (ੳ) ਇਮਾਨਦਾਰੀ ਦਾ (ਅ) ਸਚਾਈ ਦਾ

   (ੲ) ਪਵਿੱਤਰਤਾ ਦਾ (ਸ) ਧਰਮ ਦਾ

5. 'ਸ਼' ਅੱਖਰ ਤੋਂ ਕਿਹੜਾ ਸ਼ਬਦ ਬਣਦਾ ਹੈ, ਜਿਸ ਨਾਲ ਸਿਹਤ ਤੇ ਆਰਥਕ ਸੰਤੁਲਨ ਵਿਗੜ ਜਾਂਦੇ ਹਨ ?

   (ੳ) ਸ਼ਰਾਰਤ (ਅ) ਸ਼ਿਕਾਇਤ

   (ੲ) ਸ਼ਰਾਬ (ਸ) ਸ਼ਰਬਤ

ਭਾਗ - ਅ (ਵਿਆਕਰਨ) (4×5=20)

2ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣੋ।

1) 'ਸਮਕਾਲੀ' ਸ਼ਬਦ ਵਿੱਚ ................ ਅਗੇਤਰ ਹੈ।

ੳ) ਸ ਅ) ਸਮ

ੲ) ਸਮਕ ਸ) ਸਮਕਾਲ

2) ਹੇਠ ਲਿਖੇ ਸ਼ਬਦ ਵਿੱਚ ਕਿਹੜਾ ਅਗੇਤਰ ਲੱਗੇਗਾ?

ਨਾਪਾਕ

ੳ) ਨਾਪ ਅ) ਨਾਪਾ

ੲ) ਨਾ ਸ) ਨ

3) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦਾਂ ਦੀ ਥਾਂ ਲਈ ਸਹੀ ਪਿਛੇਤਰ ਵਾਲਾ ਸ਼ਬਦ ਚੁਣੋ-

ਅੱਜ ਮੈਂ ਇਕ ਦਰਦ ਵਾਲੀ ਘਟਨਾ ਵੇਖੀ।

ੳ) ਦਰਦ ਅ) ਦਰਦੀ

ੲ) ਦੁੱਖਦੀ ਸ) ਦਰਦਨਾਕ

4) 'ਸੰਦੂਕੜੀ' ਸ਼ਬਦ ਵਿੱਚ ਕਿਹੜਾ ਪਿਛੇਤਰ ਹੈ।

ੳ) ੜੀ ਅ) ਕੜੀ

ੲ) ਦੂਕੜੀ ਸ) ਕੋਈ ਵੀ ਨਹੀਂ

5) ਹੇਠ ਲਿਖੇ ਪਿਛੇਤਰ ਨਾਲ ਬਣਿਆ ਸ਼ਬਦ ਚੁਣੋ -

ਆਹਟ

ੳ) ਮੁਸਕਰਾਹਟ ਅ) ਬਨਾਵਟ

ੲ) ਰੁਕਾਵਟ ਸ) ਸਜਾਵਟ

ਅ)1. ਹੇਠ ਲਿਖੇ ਸਮਾਸੀ ਸ਼ਬਦ ਲਈ ਸਹੀ ਸ਼ਬਦ-ਸਮੂਹ ਚੁਣੋ -

ਲੋਕ-ਪਰਲੋਕ

ੳ) ਲੋਕਾਂ ਦਾ ਪਰਲੋਕ ਅ) ਲੋਕਾਂ ਵਿੱਚ ਪਰਲੋਕ

ੲ) ਲੋਕ ਨਾਲ ਪਰਲੋਕ ਸ) ਲੋਕ ਅਤੇ ਪਰਲੋਕ

2) ਹੇਠ ਲਿਖੇ ਸ਼ਬਦ-ਸਮੂਹ ਲਈ ਸਹੀ ਸਮਾਸੀ ਸ਼ਬਦ ਚੁਣੋ -

ਭੇਡਾਂ ਵਰਗੀ ਚਾਲ

ੳ) ਭੇਡਾਂ-ਚਾਲ ਅ) ਚਾਲ-ਭੇਡ

ੲ) ਭੇਡ-ਚਾਲ ਸ) ਭੇਡੀ-ਚਾਲ

3) ਵਿਰੋਧੀ ਅਰਥ ਵਾਲਾ ਸਮਾਸੀ ਸ਼ਬਦ ਚੁਣੋ-

ੳ) ਧਨ-ਦੌਲਤ ਅ) ਦੇਸ-ਭਗਤ

ੲ) ਉੱਚਾ-ਨੀਵਾਂ ਸ) ਸਾਫ਼-ਸੁਥਰਾ

4) ਇੱਕੋ ਸ਼ਬਦ ਦੇ ਦੁਹਰਾਓ ਵਾਲਾ ਸਮਾਸੀ ਸ਼ਬਦ ਚੁਣੋ-

ੳ) ਪੂਰਬ-ਪੱਛਮ ਅ) ਭੇਡ-ਚਾਲ

ੲ) ਦਿਨੋਂ-ਦਿਨ ਸ) ਖੱਟਾ-ਮਿੱਠਾ

5) ਹੇਠ ਲਿਖੇ ਸ਼ਬਦ-ਸਮੂਹ ਲਈ ਸਹੀ ਸਮਾਸੀ ਸ਼ਬਦ ਚੁਣੋ-

ਦੂਰ ਅਤੇ ਨੇੜੇ

ੳ) ਦੂਰ ਨੇੜਿਓ　　ਅ) ਦੂਰ-ਨੇੜ

ੲ) ਦੂਰੋਂ ਨੇੜੇ　　ਸ) ਦੂਰ-ਨੇੜੇ

ੲ1) ਜਿਹੜੇ ਸ਼ਬਦ ਅੰਦਰੂਨੀ ਭਾਵਾਂ (ਦੁੱਖ, ਖੁਸ਼ੀ, ਹੈਰਾਨੀ, ਡਰ ਆਦਿ) ਨੂੰ ਪ੍ਰਗਟ ਕਰਨ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?

ੳ) ਵਿਸ਼ੇਸ਼ਣ　　ਅ) ਵਿਸਮਿਕ

ੲ) ਸੰਬੰਧਕ　　ਸ) ਯੋਜਕ

2) "ਧੰਨ ਭਾਗ! ਤੁਸੀਂ ਸਾਡੇ ਘਰ ਚਰਨ ਪਾਏ" ਵਾਕ ਵਿੱਚ ਕਿਹੜਾ ਵਿਸਮਿਕ ਹੈ? ਸਹੀ ਵਿਕਲਪ ਚੁਣੋ-

ੳ) ਇੱਛਾ ਵਾਚਕ　　ਅ) ਸੰਬੋਧਨੀ

ੲ) ਅਫ਼ਸੋਸਵਾਚਕ　　ਸ) ਸਤਿਕਾਰਵਾਚਕ

3) 'ਹੈਰਾਨੀ' ਲਈ ਸਹੀ ਵਿਸਮਿਕ ਚੁਣੋ -

ੳ) ਸੁਣੋ ਜੀ! ਠਹਿਰ ਜ਼ਰਾ　　ਅ) ਲੱਖ ਲਾਹਣਤ! ਬੇਸ਼ਰਮਾ!

ੲ) ਹੈਂ! ਉਹ ਫੇਲ੍ਹ ਹੋ ਗਿਆ　　ਸ) ਭਲਾ ਹੋਵੇ! ਸਾਈਂ ਜੀਵੇ!

4) 'ਕਾਸ਼! ਮੇਰੇ ਕੋਲ ਰਹਿਣ ਲਈ ਕੋਠੀ ਹੋਵੇ।' ਵਾਕ ਵਿੱਚ ਕਿਹੜਾ ਵਿਸਮਿਕ ਹੈ? ਸਹੀ ਵਿਕਲਪ ਚੁਣੋ-

ੳ) ਫਿਟਕਾਰ ਵਾਚਕ　　ਅ) ਇੱਛਾ ਵਾਚਕ

ੲ) ਸਤਿਕਾਰਵਾਚਕ　　ਸ) ਕੋਈ ਵੀ ਨਹੀਂ

5) 'ਅਸ਼ੀਰਵਾਦ' ਲਈ ਸਹੀ ਵਿਸਮਿਕ ਚੁਣੋ-

ੳ) ਸੰਭਲ ਕੇ!　　ਅ) ਰੱਬ ਤੇਰਾ ਭਲਾ ਕਰੇ! ਜੁਆਨੀਆਂ ਮਾਣੇ।

ੲ) ਹਾਏ!　　ਸ) ਓਏ ਪਾਗਲਾ!

ਸ1) ਹੇਠ ਲਿਖੇ ਅਖਾਣ ਨੂੰ ਪੂਰਾ ਕਰਨ ਲਈ ਸਹੀ ਵਿਕਲਪ ਚੁਣੋ-

ਵਾਦੜੀਆਂ ਸਜਾਦੜੀਆਂ ਨਿਭਣ ......................

ੳ) ਮਨੁੱਖ ਦੇ ਨਾਲ　　ਅ) ਇਸਤਰੀ ਦੇ ਨਾਲ

ੲ) ਸਿਰਾਂ ਦੇ ਨਾਲ　　ਸ) ਪੈਰਾਂ ਦੇ ਨਾਲ

2) ਹੇਠ ਲਿਖੇ ਅਖਾਣ ਲਈ ਵਿਸ਼ੇਸ਼ ਮੌਕਾ ਚੁਣੋ-

ਇੱਕ ਇਕੱਲਾ ਤੇ ਦੋ ਗਿਆਰ੍ਹਾਂ

ੳ) ਜਦੋਂ ਗਿਣਤੀ ਨਾ ਆਵੇ　　ਅ) ਜਦੋਂ ਗਿਆਰ੍ਹਾਂ ਵੀ ਇੱਕੋ ਜਿਹੇ ਲੱਗਣ

ੲ) ਜਦੋਂ ਏਕਤਾ ਦੀ ਤਾਕਤ ਦੱਸਣੀ ਹੋਵੇ　　ਸ) ਕਿਤੇ ਵੀ ਨਹੀਂ

3) ਹੇਠ ਲਿਖੇ ਵਿਸ਼ੇਸ਼ ਮੌਕੇ ਲਈ ਸਹੀ ਅਖਾਣ ਚੁਣੋ-

ਧੋਖਾ ਵਾਰ-ਵਾਰ ਨਹੀਂ ਕੀਤਾ ਜਾ ਸਕਦਾ

ੳ) ਸਸਤਾ ਰੋਵੇ ਵਾਰ-ਵਾਰ ਮਹਿੰਗਾ ਰੋਵੇ ਇਕ ਵਾਰ

ਅ) ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ

ੲ) ਘਰੋਂ ਘਰ ਗੁਆਇਆਂ ਬਾਹਰੋਂ ਭੜੂਆ

ਸ) ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ

4) ਸਹੀ ਅਖਾਣ ਚੁਣੋ -

ੳ) ਘਰ ਦਾ ਮੁਖੀਆ ਲੰਕਾ ਢਾਹੇ ਅ) ਘਰ ਦਾ ਭੇਤੀ ਲੰਕਾ ਢਾਹੇ

ੲ) ਘਰ ਦਾ ਭੇਤੀ ਲੰਕਾ ਬਚਾਵੇ ਸ) ਘਰ ਦਾ ਭੇਤੀ ਘਰ ਬਚਾਵੇ

5) ਹੇਠ ਲਿਖੇ ਅਖਾਣ ਲਈ ਵਿਸ਼ੇਸ਼ ਮੌਕਾ ਚੁਣੋ -

ਇੱਕ ਅਨਾਰ ਸੌ ਬਿਮਾਰ

ੳ) ਜਦੋਂ ਕੋਈ ਵਿਅਕਤੀ ਕੁਝ ਕਰਨ ਜੋਗਾ ਨਾ ਹੋਵੇ

ਅ) ਜਦੋਂ ਲਾਰੇ ਕਿਸੇ ਹੋਰ ਨੂੰ ਤੇ ਕੰਮ ਕਿਸੇ ਹੋਰ ਦਾ ਕਰਨਾ

ੲ) ਜਦੋਂ ਚੀਜ਼ ਘੱਟ ਹੋਵੇ ਪਰ ਲੋੜਵੰਦ ਜ਼ਿਆਦਾ ਹੋਣ

ਸ) ਜਦੋਂ ਵਿਖਾਇਆ ਕੁਝ ਹੋਰ ਜਾਵੇ ਤੇ ਕੀਤਾ ਕੁਝ ਹੋਰ

ਭਾਗ - ੲ

1. ਪਾਠ ਪੁਸਤਕਾਂ ਤੇ ਅਧਾਰਤ

ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਜਾਂ ਇੱਕ ਸ਼ਬਦ ਵਿੱਚ ਦਿਓ। (9×1=9)

1. ਸਰਦਾਰ ਉੱਤਮ ਸਿੰਘ ਸੰਧੂ ਕਿਹੜੀ ਕਹਾਣੀ ਦਾ ਪਾਤਰ ਹੈ?
2. 'ਗਸ਼ਤ' ਕਹਾਣੀ ਵਿਚਲੇ ਹਲਵਾਈ ਦਾ ਕੀ ਨਾਂ ਹੈ?
3. ਜੀਵਨੀ 'ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ' ਦੇ ਲੇਖਕ ਦਾ ਨਾਂ ਦੱਸੋ।
4. ਬਕਾਲੇ ਵਿੱਚ ਕਿੰਨੇ ਵਿਅਕਤੀ ਗੁਰਗੱਦੀ ਦੇ ਦਾਹਵੇਦਾਰ ਬਣ ਬੈਠੇ ਸਨ?
5. ਸੁੰਦਰੀ ਨੇ ਨੌਜਵਾਨ ਤੋਂ ਕੀ ਮੰਗ ਕੀਤੀ?
6. ਡੇਰਾ ਕਿੱਥੇ ਹੈ?
7. ਰੇਹੜੀ ਵਾਲੇ ਭਾਈ ਨੇ ਕਿਸਨੂੰ ਸੇਬ ਸੁੰਘ ਕੇ ਦੇਖਣ ਲਈ ਕਿਹਾ?
8. ਸੁਰਜੀਤ ਪਾਤਰ ਦੀ ਕਿਹੜੀ ਰਚਨਾ ਤੁਹਾਡੀ ਪੁਸਤਕ ਵਿੱਚ ਹੈ?
9. ਸਤਿਗੁਰੂ ਰਾਮ ਸਿੰਘ ਨੇ ਕਿਹੜੀ ਲਹਿਰ ਚਲਾਈ?

ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ। (8×2=16)

1. ਮੈਂ-ਪਾਤਰ ਨੇ ਆਪਣੇ ਜੀਵਨ ਵਿੱਚ ਕੀ ਤਰੱਕੀ ਕੀਤੀ? ਕਹਾਣੀ 'ਕਸਤੂਰੀ ਵਾਲਾ ਮਿਰਗ' ਦੇ ਅਧਾਰ ਤੇ ਲਿਖੋ।
2. ਗਸ਼ਤ ਉੱਤੇ ਜਾਣ ਲੱਗਿਆ ਮੁਖਤਿਆਰ ਸਿੰਘ ਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦੀ ਚਿੰਤਾ ਹੈ?
3. ਭਾਰਤੀਆਂ ਦਾ ਕੈਨੇਡਾ ਪੁੱਜਣਾ ਰੋਕਣ ਲਈ ਉੱਥੋਂ ਦੀ ਸਰਕਾਰ ਨੇ ਕੀ-ਕੀ ਸ਼ਰਤਾਂ ਲਾਈਆਂ?
4. ਲੱਖੀ ਸ਼ਾਹ ਵਣਜਾਰੇ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਕਿਵੇਂ ਕੀਤਾ?
5. ਬੱਸ ਅੱਡੇ ਦਾ ਪ੍ਰਬੰਧਕ ਤੇ ਥਾਣੇ ਦਾ ਇਸੰਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ?
6. ਭਾਰਤ ਦੀ ਵੰਡ ਸਮੇਂ ਉੱਜੜੇ ਲੋਕਾਂ ਨੂੰ ਕਿਹੋ ਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ? 'ਟੁੱਟੀ ਭੱਜੀ ਨੌਕਰੀ' ਦੇ ਅਧਾਰ ਤੇ ਉੱਤਰ ਦਿਓ।
7. ਸਤਿਗੁਰੂ ਰਾਮ ਸਿੰਘ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਕੀ-ਕੀ ਕੀਤਾ?
8. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਅਦੁੱਤੀ ਕਿਉਂ ਕਿਹਾ ਜਾਂਦਾ ਹੈ?

ੲ)1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਦਿਓ: (2×5=10)

'ਕੋਊ ਨ ਨਿਬਹਿਓ ਸਾਥਿ' ਤੋਂ ਕੀ ਭਾਵ ਹੈ? ਇਹ ਕੌਣ, ਕਦੋਂ ਤੇ ਕਿਸ ਲਈ ਕਹਿੰਦਾ ਹੈ?

ਜਾਂ

ਜੇ ਤੁਹਾਡੇ ਕੋਲ ਵਧੇਰੇ ਪੈਸੇ ਹੋਣ ਤਾਂ ਤੁਸੀਂ ਵਪਾਰੀ ਕੋਲ ਪੈਸਾ ਵੱਧ ਸੂਦ ਉੱਤੇ ਦਿਓਗੇ ਕਿ ਡਾਕਖਾਨੇ ਜਾਂ ਬੈਂਕ ਵਿੱਚ ਰੱਖੋਗੇ ਅਤੇ ਕਿਉਂ?

2. 'ਸਿੰਘ ਮਾਤਾ ਦੀ ਵਾਰ' ਕਿਸ ਦੀ ਰਚਨਾ ਹੈ? ਇਸ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜਾਂ

'ਔਰਤ ਦੀ ਹੱਕ ਤਲਫ਼ੀ' ਕਵਿਤਾ ਦੇ ਕਵੀ ਦਾ ਨਾਂ ਦੱਸਦੇ ਹੋਏ ਕਵਿਤਾ ਦਾ ਸਾਰ ਲਿਖੋ।

**ਕਦਰਾਂ ਕੀਮਤਾਂ ਤੇ ਅਧਾਰਤ ਪ੍ਰਸ਼ਨ** (5)

"ਸਹਿਕ ਸਹਿਕ ਪੁੱਤ ਲੱਭਾ ਇਕ ਮਾਂ ਤੱਤੜੀ ਨੂੰ' ਤੁਕ ਦੇ ਅਧਾਰ ਤੇ ਦੱਸੋ ਕਿ ਹਮੇਸ਼ਾਂ ਤੋਂ ਹੀ ਮਾਪਿਆਂ ਨੂੰ ਪੁੱਤਰ ਪ੍ਰਾਪਤੀ ਦੀ ਇੱਛਾ ਰਹੀ ਹੈ। ਇਸ ਦਾ ਕੀ ਕਾਰਨ ਹੈ? ਕੀ ਇਹ ਧੀਆਂ ਨਾਲ ਅਨਿਆ ਨਹੀਂ ਹੈ? ਉੱਤਰ ਘੱਟੋ-ਘੱਟ 100-125 ਸ਼ਬਦਾਂ ਵਿੱਚ ਦਿਓ।

**ਭਾਗ - ਸ (ਲਿਖਤੀ)**

**ੳ) ਹੇਠ ਲਿਖੇ ਨੁਕਤਿਆਂ ਦੇ ਅਧਾਰ ਤੇ ਕਿਸੇ ਇਕ ਵਿਸ਼ੇ ਤੇ ਲੇਖ 200-250 ਸ਼ਬਦਾਂ ਵਿੱਚ ਲਿਖੋ:** (10)

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ**

ਨੁਕਤੇ:

ਤੁਕ ਦਾ ਅਰਥ
ਕੌੜਾ ਬੋਲਣ ਵਾਲੇ ਦਾ ਹਸ਼ਰ
ਮਿੱਠ-ਬੋਲੜ ਵਿਅਕਤੀ ਨਿਮਰਤਾ ਭਾਵ ਨਾਲ ਭਰਪੂਰ
ਨਿਮਰ ਬਣਨ ਲਈ ਸਖ਼ਤ ਘਾਲਣਾ ਦੀ ਲੋੜ
ਮਿਠਾਸ ਤੇ ਨਿਮਰਤਾ ਨਾਲ ਰੱਬ ਨੂੰ ਪਾਉਣਾ ਅਸਾਨ
ਹਰ ਪਾਸੇ ਤੋਂ ਵਡਿਆਈ
ਉਦੇਸ਼
ਸਾਰੰਸ਼

**ਜਾਂ**

**ਪਬਲਿਕ ਸਕੂਲ ਵਰ ਜਾਂ ਸਰਾਪ**

ਨੁਕਤੇ:

ਸਕੂਲਾਂ ਦੀਆਂ ਕਿਸਮਾਂ
ਪਬਲਿਕ ਸਕੂਲ ਵਰਦਾਨ ਵਜੋਂ ਵਧੀਆਂ ਇਮਾਰਤਾਂ
ਸਹੂਲਤਾਂ
ਮਿਹਨਤੀ ਸਟਾਫ਼
ਅਨੁਸ਼ਾਸਨ
ਪਬਲਿਕ ਸਕੂਲ ਸਰਾਪ ਵਜੋਂ
ਹੱਦੋਂ ਵੱਧ ਖਰਚਾ ਅਤੇ ਮਾਪਿਆਂ ਤੇ ਬੋਝ
ਮਾਤ-ਭਾਸ਼ਾ ਨਾਲ ਵਿਤਕਰਾ
ਅਮੀਰੀ-ਗਰੀਬੀ ਦਾ ਭੇਦਭਾਵ
ਸੁਝਾਅ

**ਅ) ਕਿਸੇ ਇਕ ਵਿਸ਼ੇ ਤੇ ਪੱਤਰ ਲਿਖੋ:** (10)

ਆਪਣੇ ਇਲਾਕੇ ਵਿੱਚ ਵੱਧ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ ਨੂੰ ਬੇਨਤੀ ਪੱਤਰ ਲਿਖੋ।

**ਜਾਂ**

ਨੌਜਵਾਨਾਂ ਵਿੱਚ ਵੱਧ ਰਹੀ ਨਸ਼ਿਆਂ ਦੀ ਆਦਤ ਇੱਕ ਵੱਡੀ ਸਮੱਸਿਆ ਬਣ ਗਈ ਹੈ। ਇਸ ਬਾਰੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।